Punjabi

# ਇਹ ਨਵੀਆਂ ਵਿੰਡਮ ਲਾਅ ਕੋਰਟਾਂ ਸੋਮਵਾਰ, 10 ਨਵੰਬਰ 2025 ਤੋਂ ਖੁੱਲ੍ਹ ਜਾਣਗੀਆਂ।

ਵੈਰੀਬੀ ਮੈਜਿਸਟ੍ਰੇਟ ਕੋਰਟ **ਸ਼ੁੱਕਰਵਾਰ, 31 ਅਕਤੂਬਰ** ਨੂੰ ਪੱਕੇ ਤੌਰ ‘ਤੇ ਬੰਦ ਹੋ ਜਾਵੇਗੀ।

ਇਨ੍ਹਾਂ ਨਵੀਆਂ ਵਿੰਡਮ ਲਾਅ ਕੋਰਟਾਂ ਦਾ ਪਤਾ **17 ਬਾਸਾਲਟ ਰੋਡ, ਵੈਰੀਬੀ** ਹੈ, ਜੋ ਵੈਰੀਬੀ ਪੁਲਿਸ ਸਟੇਸ਼ਨ ਦੇ ਬਿਲਕੁਲ ਨਾਲ ਸਥਿਤ ਹਨ।

ਇਨ੍ਹਾਂ ਨਵੀਂ ਵਿੰਡਮ ਲਾਅ ਕੋਰਟਾਂ ਦੀ ਇਮਾਰਤ ਮੈਲਬੌਰਨ ਦੇ ਕੇਂਦਰੀ ਕਾਰੋਬਾਰੀ ਇਲਾਕੇ (CBD) ਤੋਂ ਬਾਹਰ ਸਭ ਤੋਂ ਵੱਡਾ ਅਦਾਲਤੀ ਭਵਨ ਹੈ ਅਤੇ ਇਸ ਵਿੱਚ ਵਿਕਟੋਰੀਆ ਦੀ ਮੈਜਿਸਟ੍ਰੇਟ ਕੋਰਟ, ਵਿਕਟੋਰੀਆ ਦੀ ਚਿਲਡਰਨਜ਼ ਕੋਰਟ, ਅਤੇ ਵਿਕਟੋਰੀਆ ਦੀ ਸਿਵਲ ਐਂਡ ਐਡਮਿਨਿਸਟ੍ਰੇਟਿਵ ਟ੍ਰਿਬਿਊਨਲ (VCAT) ਲੱਗਿਆ ਕਰਨਗੀਆਂ।

ਇਸ ਨਵੀਂ ਇਮਾਰਤ ਵਿੱਚ ਅਦਾਲਤ ਦੀ ਵਰਤੋਂ ਕਰਨ ਵਾਲਿਆਂ ਦੇ ਅਨੁਭਵ ਨੂੰ ਬਿਹਤਰ ਬਣਾਉਣ ਲਈ ਬਹੁਤ ਸਾਰੀਆਂ ਸੁਵਿਧਾਵਾਂ ਹੋਣਗੀਆਂ, ਜਿਵੇਂ ਕਿ:

- ਆਰਾਮਦਾਇਕ ਉਡੀਕ ਖੇਤਰ, ਕੁਦਰਤੀ ਰੌਸ਼ਨੀ ਅਤੇ ਆਵਾਜ਼ ਵਧੀਆ ਤਰੀਕੇ ਨਾਲ ਸੁਣਾਈ ਦੇਣ ਲਈ ਚੰਗੇ ਧੁਨੀ ਵਿਗਿਆਨ ਵਾਲੀਆਂ ਅਦਾਲਤਾਂ ਅਤੇ ਸੁਣਵਾਈ ਵਾਲੇ ਕਮਰੇ
- ਵਰਤੋਂ ਕਰਨ ਵਾਲਿਆਂ ਦੀ ਸੁਰੱਖਿਆ ਨੂੰ ਵਧਾਉਣ ਲਈ ਵੱਖ-ਵੱਖ ਪ੍ਰਵੇਸ਼ ਦਰਵਾਜ਼ੇ, ਉਡੀਕ ਖੇਤਰ ਅਤੇ ਰਿਮੋਟ ਸੁਣਵਾਈ ਦੀਆਂ ਸਹੂਲਤਾਂ
- ਤੁਰਨ-ਫਿਰਨ ਵਿੱਚ ਸਮੱਸਿਆ ਵਾਲੇ ਲੋਕਾਂ ਲਈ ਮੋਬਿਲਟੀ ਪਹੁੰਚ, ਉੱਚੀ ਸੁਣਨ ਵਾਲਿਆਂ ਲਈ ਹਿਅਰਿੰਗ ਲੂਪ, ਵ੍ਹੀਲਚੇਅਰ ਰਾਹੀਂ ਪਹੁੰਚਯੋਗ ਬਾਥਰੂਮ, ਵ੍ਹੀਲਚੇਅਰ ਰਾਹੀਂ ਪਹੁੰਚਯੋਗ ਪਾਰਕਿੰਗ ਅਤੇ ਜ਼ਿਆਦਾ ਸਹਾਇਤਾ ਦੀਆਂ ਜ਼ਰੂਰਤਾਂ ਵਾਲੇ ਲੋਕਾਂ ਲਈ "ਚੇਂਜਿੰਗ ਪਲੇਸ" ਪਹੁੰਚਯੋਗ ਰੈਸਟਰੂਮ।
- ਮਾਪਿਆਂ ਲਈ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਕਮਰੇ, ਬੱਚਿਆਂ ਲਈ ਢੁੱਕਵੇਂ ਖੇਤਰ, ਸ਼ਾਂਤ ਸੰਵੇਦਨਸ਼ੀਲ ਕਮਰੇ ਅਤੇ ਪਵਿੱਤਰ ਸਥਾਨ ਪ੍ਰਾਰਥਨਾ ਕਮਰਾ।
- ਬੁੱਕ ਕਰਨ ‘ਤੇ ਉਪਲਬਧ ਹੋਣ ਯੋਗ ਕੰਮ ਕਰਨ ਵਾਲੀ ਥਾਂ, ਇੰਟਰਵਿਊ ਅਤੇ ਮੀਟਿੰਗ ਕਰਨ ਲਈ ਕਮਰੇ।
- ਇੱਕ ਕਮਿਊਨਿਟੀ ਕਨੈਕਸ਼ਨ ਡ੍ਰੌਪ-ਇਨ ਖੇਤਰ, ਜੋ ਕਿ ਬਹੁਤ ਸਾਰੀਆਂ ਕਿਸਮਾਂ ਦੀਆਂ ਕਮਿਊਨਿਟੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ
- ਬਾਗਬਾਨੀ ਵਾਲੇ ਖੇਤਰ ਅਤੇ ਕੈਫ਼ੇ ਦੀ ਸੁਵਿਧਾ ਵਾਲੀਆਂ ਬਾਹਰੀ ਟੈਰਸਾਂ।

*ਨਵੀਆਂ ਵਿੰਡਮ ਲਾਅ ਕੋਰਟਾਂ*






## ਪਹੁੰਚਣ ਦਾ ਤਰੀਕਾ

**ਕਾਰ ਰਾਹੀਂ:** ਇੱਥੇ ਕਾਰ ਅਤੇ ਸਾਈਕਲ ਲਈ ਮੁਫ਼ਤ ਪਾਰਕਿੰਗ ਉਪਲਬਧ ਹੈ।

**ਰੇਲਗੱਡੀ ਰਾਹੀਂ:** ਇਹ ਅਦਾਲਤਾਂ ਵੈਰੀਬੀ ਅਤੇ ਹੌਪਰਸ ਕਰਾਸਿੰਗ ਦੋਵਾਂ ਰੇਲਵੇ ਸਟੇਸ਼ਨਾਂ ਤੋਂ ਲਗਭਗ 2.2 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹਨ।

**ਬੱਸ ਰਾਹੀਂ:**

- ਵੈਰੀਬੀ ਰੇਲਵੇ ਸਟੇਸ਼ਨ ਤੋਂ, ਰੂਟ 170 ਜਾਂ 153 ਵਾਲੀ ਬੱਸ ਲਵੋ।
- ਹੌਪਰਸ ਕਰਾਸਿੰਗ ਰੇਲਵੇ ਸਟੇਸ਼ਨ ਤੋਂ ਰੂਟ 153 ਵਾਲੀ ਬੱਸ ਲਵੋ।

ਡੈਰੀਮੱਟ ਰੋਡ/ਪ੍ਰਿੰਸੇਸ ਹਾਈਵੇਅ ਦੇ ਚੌਰਾਹੇ ਦੇ ਸਭ ਤੋਂ ਨੇੜੇ ਦੇ ਬੱਸ ਅੱਡਿਆ 'ਤੇ ਉੱਤਰੋ।

## ਵਿੰਡਮ ਲਾਅ ਕੋਰਟਾਂ ਵਿੱਚ ਪਹੁੰਚਣ 'ਤੇ

ਸੁਰੱਖਿਆ ਜਾਂਚ ਵਿੱਚੋਂ ਲੰਘਣ ਲਈ ਆਪਣੇ ਸੁਣਵਾਈ ਦੇ ਸਮੇਂ ਤੋਂ 30 ਮਿੰਟ ਪਹਿਲਾਂ ਪਹੁੰਚੋ। ਇਹ ਪਤਾ ਲਗਾਉਣ ਲਈ ਕਿ ਕਿੱਥੇ ਜਾਣਾ ਹੈ, ਲੌਬੀ ਵਿੱਚ ਲੱਗੀਆਂ ਸੁਣਵਾਈ ਜਾਣਕਾਰੀ ਦੇਣ ਵਾਲੀਆਂ ਸਕ੍ਰੀਨਾਂ ਜਾਂ ਖੋਖਿਆਂ ਨੂੰ ਵੇਖੋ, ਅਤੇ ਆਪਣੀ ਅਦਾਲਤ ਜਾਂ ਸੁਣਵਾਈ ਵਾਲੇ ਕਮਰੇ ਵੱਲ ਜਾਣ ਲਈ ਦਿਸ਼ਾ ਸੰਕੇਤਾਂ ਦੀ ਪਾਲਣਾ ਕਰੋ। ਇਮਾਰਤ ਵਿੱਚ ਪੌੜੀਆਂ ਅਤੇ ਲਿਫ਼ਟਾਂ ਰਾਹੀਂ ਪਹੁੰਚ ਉਪਲਬਧ ਹੈ।

**ਵਿੰਡਮ ਲਾਅ ਕੋਰਟਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8.30 ਵਜੇ ਤੋਂ ਸ਼ਾਮ 4.30 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ।ਸਰਵਿਸ ਕਾਊਂਟਰ ਸਵੇਰੇ 9 ਵਜੇ ਖੁੱਲ੍ਹਦੇ ਹਨ।**

**3 ਅਤੇ 10 ਨਵੰਬਰ 2025 ਦੇ ਵਿਚਕਾਰ ਸਹਾਇਤਾ ਲਈ, ਵਿਕਟੋਰੀਆ ਦੀ ਮੈਜਿਸਟ੍ਰੇਟ ਕੋਰਟ (03) 9087 5730 ਨਾਲ ਸੰਪਰਕ ਕਰੋ। ਜੇਕਰ ਇਹ ਐਮਰਜੈਂਸੀ ਦੀ ਸਥਿਤੀ ਹੈ, ਤਾਂ ਟ੍ਰਿਪਲ 000 'ਤੇ ਫ਼ੋਨ ਕਰੋ।**

**ਆਪਣੀ ਫੇਰੀ ਦੀ ਯੋਜਨਾ ਬਣਾਓ,** ਅਤੇ ਸੇਵਾਵਾਂ ਅਤੇ ਅਦਾਲਤੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਲਈ ਇੱਥੇ ਵੇਖੋ: www.courts.vic.gov.au/projects/wyndham-law-courts-development

COURT SERVICES VICTORIA
MCV Magistrates' Court of Victoria
Children's Court of Victoria
VCAT Victorian Civil & Administrative Tribunal